ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਵਿੱਤ ਭਾਗ)

ਵਿੱਤ ਸਰਕੂਲਰ ਨੰ: 25/2011

ਵੱਲ

1. ਡੀ.ਜੀ.ਪੀ/ਵੀ ਤੇ ਐਸ
2. ਸਾਰੇ ਇੰਜ-ਇੰਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ:(ਸਮੇਤ ਹਾਈਡਲ)
3. ਮੁੱਖ/ਪ੍ਰਬੰਧਕੀ
4. ਸਾਰੇ ਮੁੱਖ ਲੇਖਾ ਅਫ਼ਸਰਜ਼
5. ਮੁੱਖ ਪੜਤਾਲਕਾਰ
6. ਕਾਸਟ ਕੰਟਰੋਲਰ
7. ਵਿੱਤ ਸਲਾਹਕਾਰ

ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿ:

ਮੀਮੋ ਨੰ: **67158/218** /ਫਿਨ-2/2(2006)

ਮਿਤੀ:- **10-05-2011**

ਵਿਸ਼ਾ:- ਪੰਜਾਬ ਸਟੇਟ ਪਾਵਰ/ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1-1-11 ਤੋਂ ਵਧੀਆਂ ਦਰਾਂ (45% ਤੋਂ 51%) ਤੇ ਮਹਿੰਗਾਈ ਭੱਤਾ ਦੇਣ ਬਾਰੇ।

ਇਸ ਦਫ਼ਤਰ ਦੇ ਵਿੱਤ ਸਰਕੂਲਰ ਨੰ:- 35/2010 ਮਿਤੀ 15-10-10 ਦੀ ਲਗਾਤਾਰਤਾ ਵਿੱਚ, ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵਲੋਂ ਜਾਰੀ ਨੋਟੀਫਿਕੇਸ਼ਨ ਨੰ:- 3/2/97-ਐਫਪੀ-1/257 ਮਿਤੀ 26-4-11, ਜਿਸ ਰਾਹੀਂ ਮਹਿੰਗਾਈ ਭੱਤੇ ਦੀ ਮੌਜੂਦਾ ਦਰ ਮਿਤੀ 1-1-2011 ਤੋਂ ਬੇਸਿਕ ਪੇ ਤੇ ਮੌਜੂਦਾ 45% ਤੋਂ ਵਧਾ ਕੇ 51% ਕੀਤੀ ਗਈ ਹੈ, ਦੀ ਕਾਪੀ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ। ਜਿਸ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਅਪਣਾਉਣ ਦਾ ਫੈਸਲਾ ਲਿਆ ਗਿਆ ਹੈ। ਪ੍ਰੰਤੂ ਵਰਕਚਾਰਜ਼ ਕਾਮਿਆਂ/ਪੈਨਸ਼ਨਰਜ਼/ਫੈਮਲੀ ਪੈਨਸ਼ਨਰਜ਼ ਨੂੰ ਪਹਿਲਾਂ ਦੀ ਤਰ੍ਹਾਂ ਇਸ ਦੀ ਅਦਾਇਗੀ ਨਗਦ ਕੀਤੀ ਜਾਵੇਗੀ ।

ਨੱਥੀ/ਉਪਰੋਕਤ ਅਨੁਸਾਰ।

ਉਪ ਸਕੱਤਰ/ਵਿੱਤ-1

ਪਿੱਠ ਅੰਕਣ ਨੰ: **67219/68064** /ਫਿਨ-2/2(2006) ਮਿਤੀ:- **10-05-2011**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਪ੍ਰਿੰਸੀਪਲ ਸਕੱਤਰ ਟੂ ਪੰਜਾਬ ਸਰਕਾਰ (ਵਿੱਤ ਵਿਭਾਗ), ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।
2. ਪ੍ਰਿੰਸੀਪਲ ਸਕੱਤਰ ਪੰਜਾਬ ਸਰਕਾਰ ਸਿੰਚਾਈ ਤੇ ਬਿਜਲੀ ਵਿਭਾਗ (ਊਰਜਾ ਸ਼ਾਖਾ), ਮਿੰਨੀ ਸਕੱਤਰੇਤ , ਸੈਕਟਰ-9 ਚੰਡੀਗੜ੍ਹ।
3. ਸਕੱਤਰ/ਐਨਆਰਈਬੀ., ਐਫ ਵਿੰਗ, ਨਿਰਮਾਣ ਭਵਨ, ਨਵੀਂ ਦਿੱਲੀ ।
4. ਸਕੱਤਰ/ਐਚ.ਪੀ.ਐਸ.ਈ.ਬੀ. ਸ਼ਿਮਲਾ-**41**
5. ਸਕੱਤਰ/ਵਿੱਤ, ਚੰਡੀਗੜ੍ਹ ਪ੍ਰਬੰਧ ਚੰਡੀਗੜ੍ਹ ।
6. ਸਕੱਤਰ/ਪ੍ਰਬੰਧ-1, ਸੈਂਟ੍ਰੱਲ ਇਲੈਕਟ੍ਰੀਸਿੱਟੀ ਅਥਾਰਟੀ, ਭਾਰਤ ਸਰਕਾਰ, ਸੇਵਾ ਭਵਨ, ਆਰ. ਕੇ.ਪੁਰਮ,ਨਵੀਂ ਦਿੱਲੀ।
7. ਸਕੱਤਰ/ਐਚ.ਐਸ.ਈ.ਬੀ., ਪੰਚਕੂਲਾ ।
8. ਸਪੈਸ਼ਲ ਸਕੱਤਰ, ਬੀ.ਬੀ.ਐਮ.ਬੀ. ਸੈਕਟਰ-19, ਚੰਡੀਗੜ੍ਹ ।
9. ਜਨਰਲ ਮੈਨੇਜਰ, ਦਿੱਲੀ ਇਲੈਕਟ੍ਰੀਸਿੱਟੀ ਸਪਲਾਈ ਅੰਡਰਟੇਕਿੰਗ, ਨਵੀਂ ਦਿੱਲੀ ।
10. ਮੁੱਖ ਇੰਜੀਨੀਅਰ/ਜਨਰੇਸ਼ਨ, ਬੀਬੀਐਮਬੀ, ਨੰਗਲ ਟਾਊਨਸ਼ਿਪ ।
11. ਮੁੱਖ ਇੰਜੀਨੀਅਰ/ਟ੍ਰਾਂਸਮਿਸ਼ਨ, ਬੀਬੀਐਮਬੀ, ਚੰਡੀਗੜ੍ਹ ।

ਚਲਦਾ ਪੰਨਾ --- 2

12. ਮੁੱਖ ਇੰਜੀਨੀਅਰ/ਇਲੈਕਟ੍ਰੀਸਿੱਟੀ, ਯੂ.ਟੀ., ਚੰਡੀਗੜ੍ਹ ।
13. ਓ.ਐਸ.ਡੀ. ਟੂ ਸੀ.ਐਮ.ਡੀ., ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
14. ਮੁੱਖ ਲੇਖਾ ਅਫ਼ਸਰ ਟੂ ਡਾਇਰੈਕਟ/ਵਿੱਤ ਤੇ ਲੇਖਾ, ਪੰ:ਸ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
15. ਲੇਖਾ ਅਤੇ ਵਿੱਤ ਮੈਨੇਜਰ, ਗਨਦਥਪ,ਬਠਿੰਡਾ/ਲਹਿਰਾ ਮੁਹੱਬਤ । ...
16. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫ਼ਸਰ, ਬੀਬੀਐਮਬੀ, ਚੰਡੀਗੜ੍ਹ/ਨੰਗਲ ਟਾਊਨਸ਼ਿਪ ।
17. ਵਿੱਤ ਸਲਾਹਕਾਰ ਅਤੇ ਮੱਖ ਲੇਖਾ ਅਫ਼ਸਰ, ਗਗਸਸਥਪ, ਰੋਪੜ ।
18. ਨਿਗਰਾਨ ਇੰਜੀਨੀਅਰ(ਟੀ) ਟੂ ਡਾਇਰੈਕਟਰ/ਓਪਰੇਸ਼ਨ,ਜਨਰੇਸ਼ਨ, ਪ੍ਰਬੰਧਕੀ ਅਤੇ ਐਚ.ਆਰ.
19. ਸਾਰੇ ਨਿਗਰਾਨ ਇੰਜੀਨੀਅਰ/(ਹਾਈਡਲ ਸਮੇਤ) ।
20. ਪ੍ਰਿੰਸੀਪਲ/ਟੀ.ਟੀ.ਆਈ., ਪੰ:ਸ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
21. ਕਾਨੂੰਨੀ ਸਲਾਹਕਾਰ, ਪੰ:ਸ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
22. ਵਧੀਕ ਨਿਗ:ਇੰਜ:/ਕੋ-ਆਰਡੀਨੇਸ਼ਨ, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ:, ਬੀ-533,ਨਿਊ ਫਰੈਂਡਜ਼ ਕਲੋਨੀ, ਨਵੀ ਦਿੱਲੀ।
23. ਭੋਂ ਪ੍ਰਾਪਤੀ ਕੁਲੈਕਟਰ, ਪੰ:ਸ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
24. ਰੈਜੀਡੈਂਟ ਆਡਿਟ ਅਫ਼ਸਰ, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
25. ਸਾਰੇ ਸੀਨੀਅਰ ਕਾਰਜਕਾਰੀ ਇੰਜੀਨੀਅਰਜ਼(ਸਮੇਤ ਹਾਈਡਲ)
26. ਸਾਰੇ ਸੀਨੀਅਰ ਨਿਜੀ ਸਕੱਤਰ ਟੂ ਸੀ.ਐਮ.ਡੀ./ਪਾਵਰ/ਟਰਾਂਸ਼ਮਿਸ਼ਨ/ਡਾਇਰੈਕਟਰਜ਼
27. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
28. ਸਾਰੇ ਉਪ ਮੁੱਖ ਲੇਖਾ ਅਫ਼ਸਰ/ਉਪ ਮੁੱਖ ਪੜਤਾਲਕਾਰ/ਉਪ ਵਿੱਤ ਸਲਾਹਕਾਰ ।
29. ਸਾਰੇ ਸੀਨੀਅਰ ਲੇਖਾ ਅਫ਼ਸਰ/ਲੇਖਾ ਅਫ਼ਸਰ/ਪ੍ਰੀ-ਆਡਿਟ, ਫੀਲਡ ਅਤੇ ਥਰਮਲ ।
30. ਲੇਖਾ ਅਫ਼ਸਰ/ਤਨਖਾਹ ਅਤੇ ਲੇਖਾ-1,2, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
31. ਲੇਖਾ ਅਫ਼ਸਰ/ਈ.ਏ.ਡੀ., ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
32. ਸੁਪਰਡੈਂਟ/ਬਿਲਜ਼-1,2 ਅਤੇ 3, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
33. ਮੁੱਖ ਦਫ਼ਤਰ, ਸਕੱਤਰੇਤ ਵਿੱਚ ਸਾਰੇ ਭਾਗਾਂ ਦੇ ਮੁੱਖੀ ਅਤੇ ਬ੍ਰਾਂਚ ਅਧਿਕਾਰੀ ।
34. ਸਕੱਤਰ/ **Ombudsman**,ਇਲੈਕਟ੍ਰੀਸਿਟੀ ਪੰਜਾਬ, 248, ਸੈਕਟਰ-19-ਏ, ਚੰਡੀਗੜ੍ਹ ।
35. ਸਾਰੇ ਮੁੱਖ ਭਲਾਈ ਅਫ਼ਸਰ/ਕਿਰਤ ਤੇ ਭਲਾਈ ਅਫ਼ਸਰ/ ਸਹਾਇਕ ਕਿਰਤ ਤੇ ਭਲਾਈ ਅਫ਼ਸਰ, ਪੰ: ਰਾ: ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
36. ਸਕੱਤਰ,ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਐਸ.ਸੀ.ਓ.ਨੰ:-220-221, ਸੈਕਟਰ-34-ਏ, ਚੰਡੀਗੜ੍ਹ।
37. ਸਾਰੇ ਮੁੱਖ ਭਲਾਈ ਅਫ਼ਸਰ/ਕਿਰਤ ਤੇ ਭਲਾਈ ਅਫ਼ਸਰ/ ਸਹਾਇਕ ਕਿਰਤ ਤੇ ਭਲਾਈ ਅਫ਼ਸਰ, ਪੰ:ਰਾ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
38. ਸਕੱਤਰ,ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ,ਐਸ.ਸੀ.ਓ. ਨੰ:- 220-221, ਸੈਕਟਰ-34-ਏ, ਚੰਡੀਗੜ੍ਹ।
39. ਸ੍ਰੀ ਰਾਮ ਪ੍ਰਕਾਸ਼, ਜਨਰਲ ਸਕੱਤਰ, ਮਕਾਨ ਨੰ:- 527, ਗਲੀ ਨੰ:- 13, ਪੁਰਾਣਾ ਬਿਸ਼ਨ ਨਗਰ, ਪਟਿਆਲਾ।
40. ਇੰਜ:ਐਸ.ਕੇ.ਕਪੂਰ,ਸਕੱਤਰ/ਜੁਆਇੰਟ ਐਕਸ਼ਨ ਕਮੇਟੀ,ਕਮਰਾ ਨੰ:- 212,ਦੂਜੀ ਮੰਜ਼ਿਲ,ਕੰਪਲੈਕਸ ਨੰ:-1, ਜੀ.ਟੀ.ਰੋਡ, ਲੁਧਿਆਣਾ ।
41. ਸ੍ਰੀ ਐਸ.ਐਲ.ਸ਼ਰਮਾਂ,ਜਨਰਲ ਸਕੱਤਰ,ਪੀ.ਐਸ.ਈ.ਬੀ.,ਆਲ ਕੇਡਰਜ਼,ਪੈਨਸ਼ਨਰਜ਼ ਐਸੋਸ਼ੀਏਸ਼ਨ, ਡਬਲਿਯੂ.ਡੀ.-69, ਅਲੀ ਮੁਹੱਲਾ, ਜਲੰਧਰ।
42. ਸ੍ਰੀ ਪ੍ਰਦੁਮਣ ਸਿੰਘ, ਪ੍ਰਧਾਨ,ਪੀ.ਐਸ.ਈ.ਬੀ.ਪੈਨਸ਼ਨਰਜ਼ ਐਸੋਸ਼ੀਏਸ਼ਨ,ਜਗਜੀਤ ਨਗਰ,ਨੇੜੇ ਪਾਵਰ ਕਲੋਨੀ,ਰੋਪੜ।

ਸੁਪਰਡੈਂਟ/ਵਿੱਤ-2

ਸੀ.ਸੀ.

1. ਨਿਗਰਾਨ ਇੰਜੀਨੀਅਰ/ਆਈ.ਟੀ, ਪੰ:ਰਾ:ਪਾ:ਕਾ:ਲਿਮ: ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਸਰਕੂਲਰ ਨੂੰ ਪੰ:ਰਾ:ਪਾਵਰ/ਟਰਾਂਸਕੋ ਕਾ:ਲਿਮ: ਦੀ ਵੈਬ-ਸਾਈਟ ਤੇ ਪਾਇਆ ਜਾਵੇ।

ਪੰਜਾਬ ਸਰਕਾਰ ,ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਨੋਟੀਫਿਕੇਸ਼ਨ ਨੰ:- 3/2/97-ਐਫਪੀ-1/257 ਮਿਤੀ 26 ਅਪ੍ਰੈਲ, 2011 ਸਾਰੇ ਵਿਭਾਗਾ ਦੇ ਮੁੱਖੀਆ ਆਦਿ ਨੂੰ:

ਵਿਸ਼ਾ:- ਪੰਜਾਬ ਸਰਕਾਰ ਦੇ ਕਰਮਚਾਰੀਆ/ਪੈਨਸ਼ਨਰਾਂ ਨੂੰ ਮਿਤੀ 1-1-2011 ਤੋਂ ਵਧੀਆਂ ਦਰਾਂ (45% ਤੋਂ 51%) ਤੇ ਮਹਿੰਗਾਈ ਭੱਤਾ ਦੇਣ ਬਾਰੇ।

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ:3/2/97-ਐਫ.ਪੀ.1/649 ਮਿਤੀ 13-10-2010 ਵੱਲ ਧਿਆਨ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਦੇ ਰਾਜਪਾਲ ਜੀ ਨੇ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਿਤੀ 1-1-2011 ਤੋਂ ਬੇਸਿਕ ਪੇ ਤੇ ਮੌਜੂਦਾ 45% ਤੋਂ ਵਧਾ ਕੇ 51% ਦੀ ਦਰ ਤੇ ਮਹਿੰਗਾਈ ਭੱਤਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

2. ਇਸ ਵਧੀ ਹੋਈ ਦਰ ਤੇ ਮਿਲਣਯੋਗ ਮਹਿੰਗਾਈ ਭੱਤੇ ਦੇ ਮਿਤੀ 1-1-2011 ਤੋਂ 30-4-2011 ਤੱਕ ਦੇ ਬਕਾਏ ਦੀ ਰਕਮ ਕਰਮਚਾਰੀਆਂ ਦੇ ਜੀ.ਪੀ.ਫੰਡ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਇਸ ਰਕਮ ਨੂੰ ਜੀ.ਪੀ.ਫੰਡ ਖਾਤਿਆਂ ਵਿੱਚ ਵਾਧੂ ਜਮ੍ਹਾਂ ਰਕਮ ਸਮਝਿਆ ਜਾਵੇਗਾ ਅਤੇ ਉਸਤੇ ਮਿਲਣ ਵਾਲਾ ਵਿਆਜ ਜਮ੍ਹਾਂ ਕਰਵਾਈ ਰਕਮ ਦੇ ਮਹੀਨੇ ਤੋਂ ਅਗਲੇ ਮਹੀਨੇ ਦੀ ਪਹਿਲੀ ਤਾਰੀਖ ਤੋਂ ਲੱਗਣਯੋਗ ਹੋਵੇਗਾ।ਵਧੀ ਹੋਈ ਦਰ ਤੇ ਮਹਿੰਗਾਹੀ ਭੱਤੇ ਦਾ ਮਿਤੀ 1-5-2011 ਤੋਂ ਨਕਦ ਭੁਗਤਾਨ ਕੀਤਾ ਜਾਵੇਗਾ ।

3. ਅਜਿਹੇ ਕਰਮਚਾਰੀ, ਜਿਹਨਾਂ ਦੀ ਨਿਯੁਕਤੀ ਪੰਜਾਬ ਸਰਕਾਰ ਵਲੋਂ ਪੱਤਰ ਨੰ: 3/72/2003-3 ਐਫਪੀਪੀਸੀ/7280 ਮਿਤੀ 12-12-2006 ਰਾਹੀਂ ਜਾਰੀ ਕੀਤੀ ਨਿਊ ਰੀਸਟਰੈਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਮਿਤੀ 1-1-2004 ਜਾਂ ਉਸ ਉਪਰੰਤ ਕੀਤੀ ਗਈ ਹੈ ਅਤੇ ਜਿਹਨਾਂ ਨੇ ਅਜੇ ਤੱਕ ਉਕਤ ਸਕੀਮ ਦੇ ਟਾਇਰ II ਅਧੀਨ ਆਪਣੇ ਖਾਤੇ ਨਹੀਂ ਖੁਲਵਾਏ, ਵਿਭਾਗਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵਧੀਆਂ ਦਰਾਂ ਤੇ ਮਿਲਣ ਵਾਲੇ ਮਹਿੰਗਾਈ ਭੱਤੇ ਵਜੋਂ ਬਣਨ ਵਾਲੇ ਬਕਾਏ ਦੀ ਰਕਮ ਦੇ ਇਵਜ਼ ਵਿੱਚ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਸਬੰਧਤ ਕਰਮਚਾਰੀਆਂ ਦੇ ਨਾਮ ਤੇ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰਾਂ ਦੀ ਖਰੀਦ ਕਰਨ ।

4. ਅਜਿਹੇ ਕਰਮਚਾਰੀ ਜਿਹਨਾਂ ਨੇ ਪੰਜਾਬ ਸਰਕਾਰ ਦੀ ਸੇਵਾ ਪੱਤਰ ਨੰ:3/72/2003-3 ਐਫਪੀਪੀਸੀ/7280 ਮਿਤੀ 12-12-06 ਰਾਹੀਂ ਜਾਰੀ ਕੀਤੀ ਨਿਊ ਰੀਸਟਰਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ 1-1-2004 ਜਾਂ ਉਸਤੋਂ ਬਾਅਦ ਜੁਆਇੰਨ ਕੀਤਾ ਹੈ, ਉਹਨਾਂ ਦਾ ਵਧੀਆਂ ਦਰਾਂ ਤੇ ਮਹਿੰਗਾਈ ਭੱਤੇ ਦੀ ਰਾਸ਼ੀ ਦੇ ਬਕਾਏ ਦਾ 10% ਹਿੱਸਾ ਨਿਊਂ ਰੀਸਟਰਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਦੇ ਟਾਇਰ 1 ਅਧੀਨ ਕੱਟਿਆ ਜਾਵੇਗਾ ਅਤੇ ਬਾਕੀ 90% ਹਿੱਸੇ ਦਾ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰ ਖਰੀਦ ਕੇ ਕਰਮਚਾਰੀਆਂ ਦੇ ਨਾਮ ਤੇ ਨਿਵੇਸ਼ ਕੀਤਾ ਜਾਵੇਗਾ ।

5. ਪੰਜਾਬ ਸਰਕਾਰ ਦੇ ਸਾਰੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ ਦੀ ਵਧੀ ਕਿਸ਼ਤ ਵਜੋਂ ਸਾਰੀ ਰਕਮ ਦਾ 1-1-2011 ਤੋਂ ਨਕਦ ਭੁਗਤਾਨ ਕੀਤਾ ਜਾਵੇਗਾ।

ਮਿਲਾਣ ਕੀਤਾ

ਵਿਸ਼ਵਾਸਪਾਤਰ,
ਸਹੀ/-
(ਜ਼ਸਬੀਰ ਕੌਰ)
ਅਧੀਨ ਸਕੱਤਰ ਵਿੱਤ(ਜ)